# ਡਾਇਰੈਕਟਰ, ਸਿੱਖਿਆ ਭਰਤੀ, ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਇਕਰੋਸਾਫਟ ਬਿਲਡਿੰਗ)
ਫੇਸ-3 ਬੀ 1, ਐਸ.ਏ.ਐਸ. ਨਗਰ।

---

ਨੰਬਰ:6/1-2020 ਭ.ਡ (3)/2021107551 ਮਿਤੀ, ਐਸ.ਏ.ਐਸ.ਨਗਰ: 27.03.2021

## ਪਬਲਿਕ ਨੋਟਿਸ (3704 ਮਾਸਟਰ ਕਾਡਰ)

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮਿਤੀ 28-02-2020 ਨੂੰ 3704 ਮਾਸਟਰ ਕਾਡਰ ਅਸਾਮੀਆਂ ਦੀ ਭਰਤੀ ਲਈ ਵਿਗਿਆਪਨ ਦਿੱਤਾ ਗਿਆ ਸੀ। ਇਸ ਸਬੰਧੀ ਵਿਭਾਗ ਵੱਲੋਂ ਮਿਤੀ 27-12-2020, 28-12-2020, 09-01-2021 ਅਤੇ 10-01-2021 ਨੂੰ ਇਨ੍ਹਾਂ ਅਸਾਮੀਆਂ ਸਬੰਧੀ ਵੱਖ-ਵੱਖ ਵਿਸ਼ਿਆਂ (ਪੰਜਾਬੀ, ਹਿੰਦੀ, ਅੰਗਰੇਜੀ, ਸਾਇੰਸ, ਮੈਥ ਅਤੇ ਸਮਾਜਿਕ ਸਿੱਖਿਆ) ਦਾ ਲਿਖਤੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਸੀ। ਹਾਇਰ ਮੈਰਿਟ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਕੀਤੀ ਗਈ ਸੀ। ਹੁਣ ਸਾਇੰਸ ਅਤੇ ਹਿਸਾਬ ਵਿਸ਼ੇ ਦੇ ਅਗਲੇ ਰਹਿੰਦੇ ਵਿਅਮੁਕਤ ਜਾਤੀ ਦੇ ਉਮੀਦਵਾਰਾ ਨੂੰ 30-03-21 ਨੂੰ 9:30 ਵਜੇ ਬੁਲਾਇਆ ਜਾਂਦਾ ਹੈ।

ਸਕਰੂਟਨੀ ਲਈ ਬੁਲਾਏ ਉਮੀਦਵਾਰ ਸਕਰੂਟਨੀ ਲਈ ਆਉਣ ਤੋਂ ਪਹਿਲਾ ਆਪਣੀ ਲਾਗ-ਇੰਨ ਆਈ-ਡੀ ਤੋਂ ਹੇਠ ਲਿਖੇ ਸਰਟੀਫਿਕੇਟ ਅੱਪਲੋਡ ਕਰਨਗੇ:

1. ਮੈਟ੍ਰਿਕ ਦਾ ਡੀ.ਐਮ.ਸੀ. ਅਤੇ ਸਰਟੀਫਿਕੇਟ(ਸਨਦ)।
2. 10+2 ਦਾ ਡੀ.ਐਮ.ਸੀ. ਅਤੇ ਸਰਟੀਫਿਕੇਟ(ਸਨਦ)।
3. ਗ੍ਰੈਜੂਏਸ਼ਨ ਦਾ ਡੀ.ਐਮ.ਸੀ. ਅਤੇ ਡਿਗਰੀ।
4. ਬੀ.ਐਡ. ਦੀ ਡੀ.ਐਮ.ਸੀ. ਅਤੇ ਡਿਗਰੀ।
5. ਕੈਟਾਗਰੀ ਸਰਟੀਫਿਕੇਟ।
6. ਪੰਜਾਬ ਡੋਮੀਸਾਈਲ (ਵਸਨੀਕ) ਸਰਟੀਫਿਕੇਟ।
7. PSTET-2 ਪਾਸ ਸਰਟੀਫਿਕੇਟ।

ਸਕਰੂਟਨੀ ਲਈ ਬੁਲਾਏ ਗਏ ਉਮੀਦਵਾਰਾਂ ਦੀ ਸੂਚੀ, ਪੜਤਾਲ (ਸਕਰੂਟਨੀ) ਪ੍ਰਫਾਰਮਾ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਅੱਪਲੋਡ ਕਰ ਦਿੱਤੀ ਗਈ ਹੈ।

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਟੋਰੇਟ, ਪੰਜਾਬ।

ਨੋਟ: ਸਕਰੂਟਨੀ ਲਈ ਆਉਣ ਵਾਲੇ ਉਮੀਦਵਾਰ ਕੋਵਿਡ-19 ਸਬੰਧੀ ਸਿਹਤ ਵਿਭਾਗ, ਪੰਜਾਬ ਵੱਲੋਂ ਜਾਰੀ ਹਦਾਇਤਾਂ ਜਿਵੇਂ ਮਾਸਕ ਪਾਉਣਾ, ਸਮਾਜਿਕ ਦੂਰੀ ਰੱਖਣਾ ਆਦਿ ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।